# ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥
# ਕਲਿ ਤਾਤੀ ਠਾਂਢਾ ਹਰਿ ਨਾਉ॥

ਭਾਗ - 1

ਮਾਇਕੀ ਸੰਸਾਰ—ਪੰਜ ਤੱਤਾਂ (ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼) ਦੇ ਮਿਲਗੋਭੇ ਤੋਂ ਰਚਿਆ ਗਿਆ ਹੈ। ਇਹਨਾਂ ਤੱਤਾਂ ਵਿਚੋਂ 'ਅਗਨੀ' ਇਕ ਕੁਦਰਤੀ 'ਤੱਤ' ਹੈ।

ਇਹ ਅਗਨੀ ਕਈ ਕਿਸਮ ਦੀ ਮੰਨੀ ਗਈ ਹੈ—

1. ਬਾਹਰਲੀ ਅੱਗ—

ਜੋ ਦਿੱਸਣਹਾਰ ਹੈ ਅਤੇ ਮਹਿਸੂਸ ਹੁੰਦੀ ਹੈ, ਜਿਸ ਤਰ੍ਹਾਂ ਕਿ ਲੱਕੜਾਂ, ਕੋਇਲੇ, ਬਿਜਲੀ, ਗੈਸ, ਤੇਲ ਆਦਿ ਦੀਆਂ ਅੱਗਾਂ। ਇਹ ਅਸੀਂ ਆਪਣੀ ਮਰਜ਼ੀ ਨਾਲ ਜਲਾ ਜਾਂ ਬੁਝਾ ਸਕਦੇ ਹਾਂ।

2. ਸਰੀਰਕ ਅੱਗ—

ਇਹ ਹਰ ਸਰੀਰ ਦੇ ਅੰਦਰ ਅਦ੍ਰਿਸ਼ਟ ਰੂਪ ਵਿਚ ਰਵਿ-ਰਹੀ ਭਰਪੂਰ ਹੈ, ਅਤੇ ਸਾਡੀ 'ਜੀਵਨ-ਅਗਨੀ' (vital life heat) ਕਹਿਲਾਉਂਦੀ ਹੈ। ਇਸੇ ਜੱਠਰ ਅਗਨੀ ਨਾਲ, ਮਾਂ ਦੇ ਪੇਟ ਵਿਚ-ਬੱਚੇ ਦੀ ਪਾਲਣਾ ਹੁੰਦੀ ਹੈ। ਜਦ ਜੀਵ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਸਰੀਰ ਨੂੰ 'ਠੰਢਾ ਹੋ ਗਿਆ' ਕਿਹਾ ਜਾਂਦਾ ਹੈ।

3. ਤੱਤ ਅਗਨੀ—

ਜਿਸ ਤਰ੍ਹਾਂ ਕਿ ਸੂਰਜ ਦੀ ਗਰਮੀ, ਧਰਤੀ ਵਿਚਲੀ ਗਰਮੀ, ਅਸਮਾਨੀ ਬਿਜਲੀ, ਬੰਬਾਂ ਦੀ ਤੱਤ-ਅਗਨੀ ਆਦਿ। ਸਰੂਜ ਦੀ ਗਰਮੀ ਸਾਡੇ ਮਾਦੀ-ਜੀਵਨ ਦਾ ਆਧਾਰ ਹੈ। ਪਰ ਹੋਰ ਕਈ ਤੱਤਾਂ (elements) ਦੀ ਅਗਨੀ ਅਤਿਅੰਤ ਹਾਨੀਕਾਰਕ ਹੈ।

4. ਮਾਨਸਿਕ ਅੱਗ—

ਜੋ ਸਾਡੇ ਖਿਆਲਾਂ ਦੇ ਭਾਵੁਕ ਜੋਸ਼ ਤੋਂ ਉਤਪੰਨ ਹੁੰਦੀ ਹੈ। ਇਹ ਗੁਝੀ ਅੱਗ ਹੈ—ਦਿਸਦੀ ਨਹੀਂ ।

ਗੁਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥

(ਪੰਨਾ-673)

ਇਹ ਮਾਨਸਿਕ ਅੱਗ —

ਦਿਸਦੀ ਨਹੀਂ
ਗੁੱਝੀ ਹੈ
ਭੇਦ ਵਾਲੀ ਹੈ
ਸਰਬ-ਬਿਆਪੀ ਹੈ
ਊਚ ਨੀਚ ਸਮਾਨੀ ਹੈ
ਰਵਿ-ਰਹੀ ਭਰਪੂਰ ਹੈ
ਸਰਬ-ਵੇਲਾ ਪ੍ਰਵਿਰਤ ਹੈ
ਸਾਰੇ ਸੰਸਾਰ ਨੂੰ ਲੱਗੀ ਹੋਈ ਹੈ
ਸਾਨੂੰ ਭੀ ਲੱਗੀ ਹੋਈ ਹੈ
ਇਸ ਦੇ ਨਤੀਜੇ ਬੜੇ ਭਿਆਨਕ ਹਨ
ਇਸ ਦੇ ਭਾਂਬੜਾਂ ਵਿਚ ਅਸੀਂ ਤੜਫਦੇ ਹਾਂ
ਅਤਿ ਦੁਖੀ ਹੁੰਦੇ ਹਾਂ
'ਹਾਇ-ਬੂ' ਕਰਦੇ ਹਾਂ,
ਹਾਲ-ਦੁਹਾਈ ਮਚਾਉਂਦੇ ਹਾਂ,
ਸ਼ਿਕਾਇਤਾਂ ਕਰਦੇ ਹਾਂ,
ਰੋਸੇ-ਗਿਲੇ ਕਰਦੇ ਹਾਂ,
ਨਰਕ ਭੋਗਦੇ ਹਾਂ।

ਪਰ, ਫਿਰ ਭੀ ਇਸ ਭਿਆਨਕ 'ਅਗਨ-ਸੋਕ-ਸਾਗਰ' ਵਿਚੋਂ ਨਿਕਲਣ, ਦਾ ਯਾ ਬਚਣ ਦਾ ਕੋਈ —

ਖ਼ਿਆਲ ਹੀ ਨਹੀਂ,
ਫਿਕਰ ਹੀ ਨਹੀਂ,
ਉੱਦਮ ਹੀ ਨਹੀਂ,
ਵਿਉਂਤ ਹੀ ਨਹੀਂ !!!

ਇਹ ਬੜੀ ਅਚੰਭੇ ਵਾਲੀ ਗੱਲ ਹੈ ਕਿ ਸਾਰੀਆਂ ਜੂਨਾਂ ਦਾ ਸਿਰਤਾਜ ਤੇ ਸਿਆਣਾ, ਅਫਲਾਤੂਨ ਇਨਸਾਨ ਹੀ, ਹੋਰ ਸਾਰਿਆਂ ਜੀਵਾਂ ਨਾਲੋਂ ਇਸ 'ਗੁੱਝੀ ਮਾਨਸਿਕ ਅੱਗ' ਵਿਚ ਵੱਧ ਸੜ-ਬਲ ਰਿਹਾ ਹੈ, ਅਤੇ ਬੇਅੰਤ ਆਰਾਮ ਅਤੇ ਐਸ਼ ਦੀਆਂ ਸਹੂਲਤਾਂ ਮਾਣਦਾ ਹੋਇਆਂ ਭੀ, ਸਭ ਤੋਂ ਜ਼ਿਆਦਾ ਦੁਖੀ ਹੋ ਰਿਹਾ ਹੈ!

ਇਸ ਲਈ ਐਸੀ ਸਰਬੱਗ ਗੁੱਝੀ 'ਅੱਗ', ਅਤੇ ਉਸ ਦੇ ਭਿਆਨਕ ਨਤੀਜਿਆ ਨੂੰ ਸਮਝਣ, ਬੁੱਝਣ, ਪਹਿਚਾਨਣ ਦੀ ਅਤਿ ਲੋੜ ਹੈ।

ਗੁਰਬਾਣੀ ਦੀ ਰੋਸ਼ਨੀ ਵਿਚ ਇਸ ਅਤਿ ਜ਼ਰੂਰੀ ਅਤੇ ਦੀਰਘ ਵਿਸ਼ੇ ਨੂੰ ਖੋਜਣ ਅਤੇ ਸਮਝਣ ਦਾ ਇਸ ਲੇਖ ਵਿਚ ਉਦਮ ਕੀਤਾ ਜਾਂਦਾ ਹੈ।

ਕਾਇਨਾਤ ਵਿਚ ਦੋ ਭਿੰਨ-ਭਿੰਨ ਮੰਡਲ ਹਨ—

1. ਆਤਮਿਕ ਮੰਡਲ : ਜਿਸ ਵਿਚ ਦੈਵੀ ਗੁਣ—

ਇਲਾਹੀ ਪ੍ਰਕਾਸ਼
ਸੱਚ
ਸ਼ਬਦ
ਹੁਕਮ
ਨਾਮ
ਪਿਆਰ
ਪ੍ਰੇਮ-ਸਵੈਪਨਾ
ਨਿਰਮਲਤਾ
ਦੈਵੀ ਭਾਵਨਾਵਾਂ
ਆਤਮ ਰੰਗ
ਮਹਾ-ਸੁਖ
ਸਦਾ-ਸੁਖ
ਸ਼ਾਂਤੀ
ਠੰਢ

ਦਾ ਪ੍ਰਵੇਸ਼ ਤੇ ਪ੍ਰਗਟਾਵਾ ਹੈ।

2. ਮਾਇਕੀ ਮਾਨਸਿਕ ਮੰਡਲ : ਜਿਸ ਵਿਚ—

ਅਗਿਆਨਤਾ ਦਾ ਹਨੇਰਾ
ਅਹੰਕਾਰ ਦਾ ਭਰਮ
ਨੀਵੀਆਂ ਰੁਚੀਆਂ
ਕਾਮ ਦੀ ਹਨੇਰੀ
ਕ੍ਰੋਧ ਦੀ ਅੱਗ
ਲੋਭ ਦੀ ਲਹਿਰ
ਮੋਹ ਦੀ ਮਮਤਾ
ਮੈਂ-ਮੇਰੀ ਦੀ ਪਕੜ
ਖੁਦ-ਗਰਜ਼ੀ
ਈਰਖਾ

ਦਵੈਤ
ਸਾੜਾ
ਕੁਲਝਣਾਂ
ਅਸ਼ਾਂਤੀ
ਦੁਖ
ਕਲੇਸ਼

ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ।

ਗੁਰਬਾਣੀ ਵਿਚ, ਜਿਸ ਨੂੰ 'ਅੱਗ' ਕਿਹਾ ਗਿਆ ਹੈ—ਉਹ ਮਾਇਕੀ ਮੰਡਲ ਦੇ ਅਸੁਰੀ ਅਉਗੁਣਾਂ ਦੇ ਲਾਏ ਹੋਏ 'ਭਾਂਬੜ' ਹਨ। ਅਸੀਂ ਆਪਣੇ ਮਨ ਅੰਦਰ—ਆਪੇ ਅੱਗ ਦਾ ਭਾਂਬੜ ਮਚਾ ਕੇ, ਆਪੇ ਹੀ ਸੜੀ-ਬਲੀ ਜਾਂਦੇ ਹਾਂ।

ਗੁਰਬਾਣੀ ਵਿਚ ਸਾਡੀ ਇਸ ਤਰਸਯੋਗ ਹਾਲਤ ਨੂੰ ਇਉਂ ਦਰਸਾਇਆ ਹੈ—

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥ (ਪੰਨਾ-156)

ਅੰਤਰਿ ਅਗਨਿ ਬਾਹਰਿ ਤਨੁ ਸੁਆਹੁ ॥
ਗਲਿ ਪਾਥਰ ਕੈਸੇ ਤਰੈ ਅਥਾਹ ॥ (ਪੰਨਾ-267)

ਜਿਹ ਪਾਵਕ ਸੁਰਿ ਨਰ ਹੈ ਜਾਰੇ ॥
ਰਾਮ ਉਦਕਿ ਜਨ ਜਲਤ ਉਬਾਰੇ ॥ (ਪੰਨਾ-323)

ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥
ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-651)

ਕਿਉ ਸਿਮਰੀ ਸਿਵਰਿਆ ਨਹੀ ਜਾਇ ॥
ਤਪੈ ਹਿਆਉ ਜੀਅੜਾ ਬਿਲਲਾਇ ॥ (ਪੰਨਾ-661)

ਜੀਉ ਤਪਤੁ ਹੈ ਬਾਰੋਬਾਰ ॥
ਤਪਿ ਤਪਿ ਖਪੈ ਬਹੁਤੁ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥ (ਪੰਨਾ-661)

ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ (ਪੰਨਾ-1022)

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥

(ਪੰਨਾ-1382)

ਰੰਗਿ ਨ ਰਾਤਾ ਰਸਿ ਨਹੀ ਮਾਤਾ ॥
ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ (ਪੰਨਾ-945)

ਪਰ ਸਾਨੂੰ ਆਪਣੀ ਤਰਸਯੋਗ ਹਾਲਤ ਦੀ ਬਾਬਤ—

ਪਤਾ ਹੀ ਨਹੀਂ
ਅਹਿਸਾਸ ਹੀ ਨਹੀਂ
ਸੋਝੀ ਹੀ ਨਹੀਂ
ਸਮਝ ਹੀ ਨਹੀਂ
ਗਿਆਨ ਹੀ ਨਹੀਂ।

ਇਸ ਤਰ੍ਹਾਂ ਆਪਣੀ ਅਗਿਆਨਤਾ ਨਾਲ, ਇਸ ਗੁੱਝੀ ਅੰਦਰਲੀ ਮਾਨਸਿਕ 'ਅੱਗ' ਵਿਚ ਪਲ-ਪਲ, ਦਿਨ-ਰਾਤ, ਸਾਰੀ ਉਮਰ, ਗੋਹੇ ਦੀ ਅੱਗ ਵਾਂਗ, ਅਸੀਂ ਆਪ ਭੀ—

ਧੁੱਖਦੇ
ਸੜਦੇ
ਬਲਦੇ
ਕੁਲਝਦੇ
ਦੁਖੀ ਹੁੰਦੇ

ਹੋਏ, ਨਰਕ ਭੋਗਦੇ ਹਾਂ, ਅਤੇ ਆਪਣੇ ਨਾਲ ਦੇ ਸੰਗੀਆਂ, ਸਾਥੀਆਂ ਨੂੰ ਭੀ ਇਸੇ ਗੁਝੀ ਅੱਗ ਦੀ 'ਚੁਆਤੀ' ਲਾਈ ਜਾਂਦੇ ਹਾਂ।

ਪੜਿ ਪੰਡਿਤੁ ਅਵਰਾ ਸਮਝਾਏ ॥
ਘਰਿ ਜਲਤੇ ਕੀ ਖਬਰਿ ਨ ਪਾਏ ॥ (ਪੰਨਾ-1046)

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ ॥
(ਪੰਨਾ-1378)

ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨ ਆਵੈ।
ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ।
(ਵਾ. ਭਾ. ਗੁ. 15/9)

ਚਿਤਵਣੀਆ ਲਖ ਰਾਤਿ ਦਿਹੁ ਤ੍ਰਾਸ ਨ ਤ੍ਰਿਸਨਾ ਅਗਨਿ ਬੁਝਾਏ।
ਸੋਇਨਾ ਰੂਪਾ ਅਗਲਾ ਮਾਣਕ ਮੋਤੀ ਅੰਗਿ ਹੰਢਾਏ।
ਪਾਟ ਪਟੰਬਰ ਪੈਨ੍ਹ ਕੇ ਚੋਆ ਚੰਦਨ ਮਹ ਮਹਕਾਏ।
ਹਾਥੀ ਘੋੜੇ ਪਾਖਰੇ ਮਹਲ ਬਗੀਚੇ ਸੁਫਲ ਫਲਾਏ।
ਸੁੰਦਰ ਨਾਰੀ ਸੇਜ ਸੁਖ ਮਾਇਆ ਮੋਹਿ ਧੋਹਿ ਲਪਟਾਏ।
ਬਲਦੀ ਅੰਦਰਿ ਤੇਲ ਜਿਉ ਆਸਾ ਮਨਸਾ ਦੁਖਿ ਵਿਹਾਏ।

ਗੁਰ ਪੂਰੇ ਵਿਣੁ ਜਮਪੁਰਿ ਜਾਇ ॥ (ਵਾ. ਭਾ. ਗੁ. 15/14)

ਹੈਰਾਨੀ ਵਾਲੀ ਗੱਲ ਤਾਂ ਇਹ ਹੈ, ਕਿ ਸਾਡਾ ਮਨੂਰ ਹੋਇਆ ਮਨ—ਇਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਸਾਡੇ ਅੰਦਰ ਭੀ ਕੋਈ ਗੁੱਝੀ ਅੱਗ ਦੀ ਚੰਗਿਆੜੀ ਹੈ, ਜੋ ਹਿਰਦੇ ਅੰਦਰ ਸਦੀਵੀ, ਧੁਖਦੀ ਤੇ ਭਖਦੀ ਰਹਿੰਦੀ ਹੈ!!

ਉਤੋਂ ਤਾਂ ਅਸੀਂ ਬੜੇ ਬੀਬੇ, ਸੁਸ਼ੀਲ ਅਤੇ 'ਭਲੇ-ਭਲੇਰੇ' (civilized and refinded) ਬਣੇ ਫਿਰਦੇ ਹਾਂ—ਪਰ ਸਾਡੇ ਧੁਰ ਅੰਦਰ, ਮਨ ਦੀਆਂ ਡੂੰਘਿਆਈਆਂ ਵਿਚ, 'ਮਾਨਸਿਕ ਅੱਗ' ਦੀਆਂ ਕਈ ਭਾਅ ਦੀਆਂ ਗੁੱਝੀਆਂ ਨੀਵੀਆਂ ਰੁਚੀਆਂ ਦੇ ਅੰਸ਼ ਯਾ ਮਲੀਨ ਭਾਵਨਾਵਾਂ ਜਿਹਾ ਕਿ—

ਈਰਖਾ
ਦਵੈਤ
ਸਾੜਾ
ਕੁਲਝਨਾਂ
ਕਾਮ
ਕ੍ਰੋਧ
ਲੋਭ
ਮੋਹ
ਹੰਕਾਰ

ਆਦਿ, ਗੋਹੇ ਦੀ ਅੱਗ ਵਾਂਗ ਅੰਦਰੇ-ਅੰਦਰ ਗੁੱਝੇ ਤੌਰ ਤੇ ਧੁਖਦੀਆਂ ਰਹਿੰਦੀਆਂ ਹਨ। ਜਿਉਂ-ਜਿਉਂ ਅਸੀਂ ਇਹਨਾਂ ਮਲੀਨ ਭਾਵਨਾਵਾਂ ਨੂੰ ਮੁੜ-ਮੁੜ ਯਾਦ ਕਰਦੇ ਹਾਂ—ਤਿਉਂ ਤਿਉਂ, ਇਹਨਾਂ ਦੀ ਅੱਗ ਭਖਦੀ ਜਾਂਦੀ ਹੈ, ਅਤੇ ਸਹਿਜੇ ਸਹਿਜੇ ਜਵਾਲਾ-ਮੁਖੀ ਵਾਂਗ ਜ਼ਬਰਦਸਤ ਭਾਂਬੜ ਬਣ ਕੇ ਫੁਟਦਾ ਹੈ, ਜਿਸ ਦੇ ਲਾਵੇ (lava) ਨਾਲ ਅਤਿਅੰਤ ਤਬਾਹੀ ਹੁੰਦੀ ਹੈ।

ਜਦ ਕਦੇ ਇਹਨਾਂ ਗੁੱਝੀਆਂ ਭਾਵੁਕ ਚੰਗਿਆੜੀਆਂ ਨੂੰ ਬਾਹਰਲੀ ਉਕਸਾਹਟ ਦੀ ਹਵਾ (exciting cause) ਲਗਦੀ ਹੈ ਤਾਂ ਇਹ ਚੰਗਿਆੜੀਆਂ ਮੱਘ ਕੇ ਭਾਂਬੜ ਬਣ ਜਾਂਦੀਆਂ ਹਨ, ਜਿਸ ਨਾਲ ਸਾਡਾ ਮਨ-ਤਨ ਸੜ ਜਾਂਦਾ ਹੈ।

ਇਸ ਤਰ੍ਹਾਂ ਆਪੂੰ ਲਾਏ ਹੋਏ ਭਾਂਬੜ ਦੀਆਂ ਲਾਟਾਂ ਨਾਲ ਅਸੀਂ ਇਕ ਦੂਜੇ ਨੂੰ ਸਾੜੀ ਜਾਦੇ ਹਾਂ।

ਜਦ ਅਸੀਂ ਇਸ ਤਰ੍ਹਾਂ ਸੜ-ਬਲ ਕੇ ਨਿਢਾਲ ਤੇ ਬੇ-ਬੱਸ ਹੋ ਜਾਂਦੇ ਹਾਂ, ਤਦ ਹੀ ਮੰਨਦੇ ਹਾਂ ਕਿ ਸਾਡੇ ਅੰਦਰ ਸਣ-ਕੱਪੜੀਂ ਅੱਗ ਲੱਗ ਗਈ ਹੈ। ਪਰ ਇਹ ਢੀਠ ਮਨ-ਛੇਤੀ ਹੀ ਸਭ ਕੁਝ ਭੁਲ ਜਾਂਦਾ ਹੈ, ਅਤੇ ਫੇਰ ਆਪੂੰ ਮਚਾਏ ਹੋਏ ਭਾਂਬੜ ਵਿਚੋਂ, ਬਾਕੀ

ਮੱਘਦੇ ਅੰਗਿਆਰੇ ਇਕੱਠੇ ਕਰ ਕੇ, ਆਪਣੀ ਹੀ ਮਾਨਸਿਕ ਸੁਆਹ ਵਿਚ, ਦੱਬ ਕੇ ਸਾਂਭ ਰਖਦਾ ਹੈ।

ਇਸ ਤਰ੍ਹਾਂ ਅਸੀਂ ਆਪ ਹੀ–ਆਪਣਾ ਅਮੋਲਕ ਜੀਵਨ ਤਬਾਹ ਕਰ ਰਹੇ ਹਾਂ।

ਦੂਜੇ ਲਫਜ਼ਾਂ ਵਿਚ, ਅਸੀਂ ਸਾਰਿਆਂ ਨੇ ਰਲ–ਮਿਲ ਕੇ ਸਮੁੱਚੇ ਤੌਰ ਤੇ, ਸਾਰੇ ਸੰਸਾਰ ਨੂੰ ਇਹ ਅਤਿ ਹਾਨੀਕਾਰਕ, ਦੁਖਦਾਈ, ਗੁੱਝੀ ਮਾਨਸਿਕ 'ਅੱਗ' ਲਾਈ ਹੋਈ ਹੈ, ਜਿਸ ਵਿਚ ਸਾਰੀ ਲੁਕਾਈ ਗੁਝੇ ਭਾਹਿ, 'ਸੜ–ਬਲ' ਰਹੀ ਹੈ।

ਇਸ ਗੱਲ ਦੀ ਪੁਸ਼ਟੀ, ਗੁਰਬਾਣੀ ਇਉਂ ਕਰਦੀ ਹੈ—

ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥

(ਪੰਨਾ–673)

ਅਗਨਿ ਕੁਟੰਬ ਸਾਗਰ ਸੰਸਾਰ ॥
ਭਰਮ ਮੋਹ ਅਗਿਆਨ ਅੰਧਾਰ ॥ (ਪੰਨਾ–675)

ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੇ ਸਬਦਿ ਵੀਚਾਰੇ ॥ (ਪੰਨਾ–1049)

ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੇ ਮਿਟਵੈ ਕਬ ਨਾਹਿ ॥ (ਪੰਨਾ–1165)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ–1291)

ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ (ਪੰਨਾ–1415)

ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ ॥
ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥

(ਪੰਨਾ–1415)

ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥

(ਪੰਨਾ–643)

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥

(ਪੰਨਾ–1219)

ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥

(ਪੰਨਾ–1267)

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥

(ਵਾ. ਭਾ. ਗੁ. 1/24)

'ਅੱਗ' ਇਕ 'ਤੱਤ' ਹੈ ਪਰ ਲੱਕੜ, ਕੋਲੇ, ਬਿਜਲੀ, ਗੈਸ ਆਦਿ ਦੀਆਂ ਲਾਟਾਂ ਦੇ

ਪ੍ਰਕਾਸ਼ ਅਤੇ ਪ੍ਰਗਟਾਵੇ ਵਿਚ ਭਿੰਨਤਾ ਹੈ। ਇਸੇ ਤਰ੍ਹਾਂ ਸਾਡੇ ਅੰਦਰ ਇਹ ਗੁੱਝੀ 'ਮਾਨਸਿਕ ਅੱਗ' ਤਾਂ ਇਕੋ ਹੈ, ਪਰ ਸਾਡੇ ਮਨ ਦੀਆਂ ਵਾਸ਼ਨਾਵਾਂ-ਯਾਨਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਈਰਖਾ, ਦਵੈਤ ਦੀਆਂ ਭਾਵਨਾਵਾਂ ਅਨੁਸਾਰ — ਇਸ ਗੁੱਝੀ ਅੱਗ ਦੀ ਪ੍ਰਵਿਰਤੀ, ਪ੍ਰਕਿਰਤੀ, ਪ੍ਰਕਾਸ਼ ਅਤੇ ਪ੍ਰਗਟਾਵਾ ਭਿੰਨ-ਭਿੰਨ ਹੁੰਦਾ ਹੈ।

ਯਾਦ ਰੱਖਣ ਵਾਲੀ ਜ਼ਰੂਰੀ ਗੱਲ ਇਹ ਹੈ ਕਿ, ਜਿਸ ਤਰ੍ਹਾਂ 'ਚਾਨਣ' ਵਿਚ ਹਨੇਰੇ ਦੀ ਅਣਹੋਂਦ ਹੈ, ਅਤੇ ਚੰਦ ਦੇ ਠੰਢੇ ਪ੍ਰਕਾਸ਼ ਵਿਚ ਗਰਮੀ ਨਹੀਂ ਹੋ ਸਕਦੀ-ਉਸੇ ਤਰ੍ਹਾਂ ਆਤਮਿਕ ਮੰਡਲ ਦੇ ਠੰਢੇ ਪ੍ਰਕਾਸ਼ ਵਿਚ 'ਮਾਨਸਿਕ ਅੱਗ' ਦਾ ਸੇਕ ਨਹੀਂ ਹੋ ਸਕਦਾ।

ਇਹ 'ਮਾਨਸਿਕ ਅੱਗ' ਸਿਰਫ ਮਾਇਕੀ ਮੰਡਲ ਦੇ ਦਾਇਰੇ ਤਾਂਈ ਸੀਮਤ ਹੈ।

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-1291)

ਇਸ 'ਮਾਇਕੀ ਮੰਡਲ' ਦੀ ਭੀ ਆਪਣੀ ਕੋਈ ਹਸਤੀ ਨਹੀਂ ਹੈ। ਇਸ ਦੀ ਹੋਂਦ ਸਿਰਫ ਸਾਡੇ ਮਨ ਦੇ ਭਰਮ-ਭੁਲਾਵੇ ਦੀਆਂ ਕਲਪਨਾ ਅਤੇ ਭਾਵਨਾਵਾਂ ਉਤੇ ਹੀ ਅਧਾਰਤ ਹੈ।

ਇਸੇ ਕਰਕੇ ਗੁਰਬਾਣੀ ਵਿਚ ਮਾਇਆ ਨੂੰ 'ਮਾਨਸਿਕ ਅੱਗ ਦੀ ਤੁਲਨਾ' ਦਿਤੀ ਗਈ ਹੈ —

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ (ਪੰਨਾ-921)

ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥
ਅਨਦਿਨੁ ਜਲਤੁ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥
(ਪੰਨਾ-652)

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥
(ਪੰਨਾ-800)

ਮਾਇਆ ਮੋਹੁ ਅੰਧੁ ਅੰਧਾਰਾ ॥
ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ॥
(ਪੰਨਾ-1045)

ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੇ ਸਬਦਿ ਵੀਚਾਰੇ । (ਪੰਨਾ-1049)

ਸਾਡਾ ਮਨ, ਮਾਇਕੀ ਭਰਮ-ਭੁਲਾਵੇ ਵਿਚ, ਆਪਣੇ ਅੰਤਰ-ਆਤਮੇ ਦੇ 'ਨਿਜ

ਘਰ’ ਅਥਵਾ ਸਥਿਰ ਮੰਡਲ ਵਿਚੋਂ ਨਿਕਲ ਕੇ ਨੀਵੀਆਂ ਵਾਸ਼ਨਾਵਾਂ ਦੇ ਅਧੀਨ ਹਉਮੈਂ ਦੇ ਜਬਰਦਸਤ ਮਾਇਕੀ ‘ਵਾ–ਵਰੋਲੇ’ (whirl wind) ਵਿਚ ਫਸਿਆ ਹੋਇਆ ਹੈ। ਇਸ ਤਰ੍ਹਾਂ ਸਾਡਾ ਸਾਰਾ ਜੀਵਨ ‘ਹਉਮੈ’ ਦੇ ‘ਧੁਰੇ’ ਉਦਾਲੇ ਦਿਨ–ਰਾਤ, ਅੰਨੇ–ਵਾਹ, ਬੇ–ਤਿਹਾਸ਼ਾ ਘੁੰਮਦਾ ਰਹਿੰਦਾ ਹੈ।

ਇਹ ਸਭ ਕੁਝ–ਸਾਡੇ ਮਨ ਦੇ ‘ਭਰਮ’ ਦਾ ਹੀ ਨਤੀਜਾ ਹੈ ਜਿਸ ਕਰਕੇ ਸਾਰੇ ਸੰਸਾਰ ਵਿਚ ‘ਹਉਮੈ’, ‘ਮੈਂ–ਮੇਰੀ’ ਦਾ ਹੀ ਬੋਲ–ਬਾਲਾ ਅਤੇ ਵਰਤ–ਵਰਤਾਰਾ ਹੈ।

ਹਰ ਇਕ ਜੀਵ ਦੀ ‘ਹਉਮੈ’ ਅਥਵਾ ‘ਮੈਂ–ਮੇਰੀ’ ਦੀ ਅੱਡ ਅੱਡ ਹਸਤੀ ਹੋਣ ਕਾਰਨ ਇਹ ਇਕ ਦੂਜੇ ਨਾਲ ਟਕਰਾਉਂਦੇ ਰਹਿੰਦੇ ਹਨ। ਜਿਸ ਵਿਚੋਂ —

ਖ਼ੁਦ–ਗਰਜ਼ੀ
ਖੋਹਾ–ਖਾਹੀ
ਠੱਗੀ–ਠੋਰੀ
ਕਾਲਾ ਬਾਜਾਰੀ (black marketing)
ਤਸਕਰੀ (smugling)
ਚੋਰੀ
ਯਾਰੀ
ਈਰਖਾ
ਦਵੈਤ
ਘਿਰਨਾ
ਸਾੜਾ
ਵੈਰ
ਵਿਰੋਧ
ਝਗੜੇ
ਲੜਾਈਆਂ
ਜ਼ੁਲਮ

ਆਦਿ ਦੀਆਂ ‘ਲਾਟਾਂ’ ਨਿਕਲਦੀਆਂ ਹਨ ਜਿਸ ਨਾਲ ‘ਜੀਵ’ ਅੱਡ–ਅੱਡ, ਅਤੇ ਸਮੁਚੇ ਤੌਰ ਤੇ ਸਾਰਾ ਸੰਸਾਰ ਜਲ, ਬਲ, ਸੜ ਰਿਹਾ ਹੈ।

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ (ਪੰਨਾ–643)

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ–651)

ਹਉਮੈ ਜਲਿਆ ਮਨਹੁ ਵਿਸਾਰੇ ।

ਜਮਪੁਰਿ ਵਜਹਿ ਖੜਗ ਕਰਾਰੇ ॥ (ਪੰਨਾ–993)

ਮਨਮੁਖ ਮੂੜ੍ਹ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥......
ਕਾਮਿ ਕ੍ਰੋਧਿ ਡੁਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥
(ਪੰਨਾ–1265)

ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ ॥
(ਵਾ: ਭਾ: ਗੁ: 1/7)

ਅਕਾਲ ਪੁਰਖ ਦੀ ਹੋਂਦ ਇਕ ਹੈ। ਜਦ ਅਸੀਂ ਅਕਾਲ ਪੁਰਖ ਦੀ ਹਸਤੀ ਨੂੰ 'ਭੁੱਲ' ਜਾਂਦੇ ਹਾਂ, ਤਾਂ ਸਾਡੇ ਮਨ ਉਤੇ 'ਭਰਮ' ਦਾ ਹਨੇਰਾ ਯਾ ਪੜਦਾ ਪੈ ਜਾਂਦਾ ਹੈ ਅਤੇ ਸਾਨੂੰ ਆਪਣੀ 'ਅੱਡਰੀ ਹਸਤੀ' ਪ੍ਰਤੀਤ ਹੁੰਦੀ ਹੈ।

ਇਸੇ ਭਰਮ ਭੁਲਾਵੇ ਵਿਚ ਹੀ ਸਾਨੂੰ ਹੋਰ ਅੱਡ–ਅੱਡ 'ਹਸਤੀਆਂ' ਮਹਿਸੂਸ ਹੋਣ ਲੱਗ ਪੈਂਦੀਆਂ ਹਨ ਜੋ ਸਾਡੀ ਆਪਣੀ ਅੱਡਰੀ ਹਸਤੀ ਤੋਂ ਵੱਖਰੀਆਂ ਅਤੇ ਓਪਰੀਆਂ ਲਗਦੀਆਂ ਹਨ। ਇਸ ਤਰ੍ਹਾਂ ਅਸੀਂ ਇਕ ਤੋਂ ਅਨੇਕ ਹਸਤੀਆਂ ਬਣੇ ਫਿਰਦੇ ਹਾਂ!!

ਇਨ੍ਹਾਂ ਅੱਡਰੀਆਂ ਹਸਤੀਆਂ ਦੇ 'ਭਰਮ ਭੁਲਾਵੇ' ਨੂੰ ਹੀ, ਗੁਰਬਾਣੀ ਵਿਚ 'ਦੂਜਾ ਭਾਉ' (duality) ਕਿਹਾ ਗਿਆ ਹੈ। ਇਸ 'ਦੂਜੇ ਭਾਉ' ਦਾ ਮੁਢਲਾ ਕਾਰਨ ਸਾਡੀ ਆਪਣੀ ਹਉਮੈ ਦੀ ਮੈਂ–ਮੇਰੀ ਹੀ ਹੈ।

ਇਸ ਲਈ ਜੋ ਅਉਗੁਣ 'ਹਉਮੈ' ਤੋਂ ਉਪਜਦੇ ਹਨ ਉਹੋ ਅਉਗੁਣ ਜਿਹਾ ਕਿ–ਈਰਖਾ, ਦਵੈਤ, ਵੈਰ, ਵਿਰੋਧ ਆਦਿ 'ਦੂਜੇ ਭਾਉ' ਵਿਚ ਭੀ ਪ੍ਰਵਿਰਤ ਹਨ।

ਸਾਡੀ ਅੰਦਰਲੀ ਗੁੱਝੀ ਮਾਇਕੀ 'ਅੱਗ ਦੀ ਪ੍ਰਕਿਰਤੀ ਵਿਚ' ਹਉਮੈ ਦੇ ਨਾਲ–ਨਾਲ 'ਦੂਜੇ ਭਾਉ' ਦੀ 'ਭਾਵਨਾ' ਭੀ ਪ੍ਰਵਿਰਤ ਹੈ।

'ਹਉਮੈ' ਅਤੇ 'ਦੂਜਾ ਭਾਉ'—ਇਕੋ ਮਾਨਸਿਕ 'ਭਰਮ' ਦੇ, ਦੋ 'ਪੱਖ' ਹਨ ਅਥਵਾ ਇਕੋ ਸਿਕੇ ਦੇ ਦੋ ਪਾਸੇ ਹਨ।

ਗੁਰਬਾਣੀ ਵਿਚ ਇਸ 'ਦੂਜੇ ਭਾਉ' ਦੀ ਬਾਬਤ ਬਹੁਤ ਚਾਨਣਾ ਪਾਇਆ ਹੋਇਆ ਹੈ।

ਇਥੇ, 'ਅੱਗ' ਦੇ ਸਿਲਸਿਲੇ ਵਿਚ, ਗੁਰਬਾਣੀ ਦੀਆਂ ਕੁਝ ਪੰਗਤੀਆਂ ਦਿਤੀਆਂ ਜਾਂਦੀਆਂ ਹਨ :—

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ (ਪੰਨਾ–643)

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ–651)

ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰ ਨਾਹੀ॥
(ਪੰਨਾ–652)

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ (ਪੰਨਾ–755)

ਇਹ ਮਨੁ ਜਲਿਆ ਦੂਜੈ ਦੋਇ ॥ (ਪੰਨਾ–1176)

ਪੰਜ ਮਾਨਸਿਕ ਵਾਸ਼ਨਾਵਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਿਚੋਂ 'ਤ੍ਰਿਸਨਾ' ਆਮ ਰਵਿ–ਰਹੀ ਭਰਪੂਰ ਹੈ, ਅਤੇ ਸਦੀਵੀ ਸਾਡੇ ਨਾਲ 'ਪਰੇਤ' ਵਾਂਗ ਚਿੰਬੜੀ ਰਹਿੰਦੀ ਹੈ।

'ਅੱਗ' ਦੇ ਭਾਂਬੜ ਵਿਚ ਜਿਉਂ–ਜਿਉਂ ਹੋਰ ਲੱਕੜਾਂ ਪਾਈ ਜਾਈਏ, ਤਿਉਂ–ਤਿਉਂ ਇਹ ਅਗਨੀ ਦਾ ਭਾਂਬੜ ਵੱਧਦਾ ਜਾਂਦਾ ਹੈ।

ਇਸੇ ਤਰ੍ਹਾਂ ਜਿਉਂ–ਜਿਉਂ ਆਪਣੀਆਂ ਅੰਦਰਲੀਆਂ ਮਾਨਸਿਕ :—

ਖੁਆਹਿਸ਼ਾਂ
ਲੋੜਾਂ
ਰੀਝਾਂ
ਐਸ਼
ਫੈਸ਼ਨ
ਸੁਆਦ
ਵਾਸ਼ਨਾਵਾਂ
ਅਮਲ
ਆਦਤਾਂ

ਦੀ ਪੂਰਤੀ ਕਰੀ ਜਾਂਦੇ ਹਾਂ ਤਿਉਂ–ਤਿਉਂ ਇਹਨਾਂ ਤ੍ਰਿਸ਼ਨਾਵਾਂ ਦੀ ਅੱਗ ਵਧਦੀ ਜਾਂਦੀ ਹੈ। ਆਖਿਰ ਅਸੀਂ ਇਹਨਾਂ ਵਾਸ਼ਨਾਵਾਂ ਅਤੇ ਖੁਆਹਿਸ਼ਾਂ ਦੇ ਗੁਲਾਮ ਬਣ ਜਾਂਦੇ ਹਾਂ।

ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨ ਆਵੈ ।
ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ ।
(ਵਾ. ਭਾ. ਗੁ. 15/9)

ਸਾਰੀ ਉਮਰ ਅਸੀਂ ਇਹਨਾਂ ਲੋੜਾਂ ਯਾ ਤ੍ਰਿਸ਼ਨਾ ਦੀ ਪੂਰਤੀ ਲਈ ਸਿਰ ਤੋੜ ਉੱਦਮ ਕਰਦੇ ਹਾਂ ਪਰ ਫਿਰ ਵੀ 'ਤ੍ਰਿਸ਼ਨਾ' ਦੀ ਅੱਗ ਨਹੀਂ ਬੁਝਦੀ। ਜੇ ਇਕ ਖੁਆਹਿਸ਼ ਪੂਰੀ ਹੁੰਦੀ ਹੈ ਤਾ ਚਾਰ ਹੋਰ ਖੜੀਆਂ ਹੋ ਜਾਂਦੀਆਂ ਹਨ!! ਮਿਸਾਲ ਦੇ ਤੌਰ ਤੇ ਜੇ ਆਪਣੇ 'ਘਰ' ਦੀ ਰੀਝ ਪੂਰੀ ਹੋਈ, ਤਾਂ ਉਸ ਨੂੰ—

ਸਜਾਉਣ
ਫਬਾਉਣ
ਵਧੀਆ ਫਰਨੀਚਰ

ਵਧੀਆ ਪੜਦੇ
ਬਿਜਲੀ ਦੇ ਜੰਤਰ
ਰਸੋਈ ਦਾ ਸਾਮਾਨ
ਬੇਲ-ਬੂਟੇ
ਪੇਂਟਿੰਗ

ਆਦਿ ਦੀਆਂ ਹੋਰ ਅਨੇਕਾਂ ਰੀਝਾਂ ਅਤੇ ਲੋੜਾਂ ਉਪਜ ਪੈਂਦੀਆਂ ਹਨ ਜਿਨ੍ਹਾਂ ਦੀ ਕੋਈ ਸੀਮਾ ਨਹੀਂ ਹੈ।

ਇਹਨਾਂ ਦੀ ਪੂਰਤੀ ਲਈ ਜਦ ਮਾਇਆ ਪੂਰੀ ਨਹੀਂ ਹੁੰਦੀ ਤਾਂ ਹਰ ਜਾਇਜ਼ ਨਜਾਇਜ਼ ਤਰੀਕੇ —

ਰਿਸ਼ਵਤ
ਚੋਰੀ
ਕਾਲਾ ਬਾਜ਼ਾਰੀ (black marketing)
ਮਿਲਾਵਟ
ਤਸਕਰੀ (smugling)
ਡਾਕੇ

ਆਦਿ ਕਰਨੇ ਪੈਂਦੇ ਹਨ ।

ਇਸ ਜ਼ਮਾਨੇ ਵਿਚ ਤਾਂ ਸਾਡੀਆਂ ਲੋੜਾਂ, ਖ਼ੁਆਹਿਸ਼ਾਂ, ਰੀਝਾਂ, ਫ਼ੈਸ਼ਨ, ਡੀਜ਼ਾਈਨ ਇਤਨੇ ਪ੍ਰਫੁਲਤ ਹੋ ਗਏ ਹਨ, ਕਿ ਇਹਨਾਂ ਦੀ ਪੂਰਤੀ ਲਈ ਸਾਡੀ ਸਾਰੀ—

ਮਾਇਆ
ਵਕਤ
ਧਿਆਨ
ਸਿਆਣਪ
ਤਾਕਤ

ਖਰਚ ਹੋ ਰਹੀ ਹੈ ਪਰ ਫੇਰ ਭੀ ਕੋਈ ਨ ਕੋਈ 'ਕਸਰ' ਯਾ 'ਕਮੀ' ਰਹਿ ਹੀ ਜਾਂਦੀ ਹੈ!! ਕਿਉਂਕਿ ਇਹਨਾਂ ਖ਼ੁਆਹਿਸ਼ਾਂ ਯਾ ਰੀਝਾਂ ਦਾ ਕੋਈ ਅੰਤ ਹੀ ਨਹੀਂ!!

ਇਸ ਤਰ੍ਹਾਂ ਆਪਣੀਆਂ ਖ਼ੁਆਹਿਸ਼ਾਂ ਦੀ ਪੂਰਤੀ ਦੁਆਰਾ ਆਪਣੀ ਤ੍ਰਿਸ਼ਨਾ ਦੇ ਭਾਂਬੜ ਵਿਚ ਆਪ ਹੀ ਹੋਰ ਲੱਕੜਾਂ ਪਾ ਕੇ, ਆਪਣੀ ਮਾਨਸਿਕ ਅੱਗ ਨੂੰ ਹੋਰ ਤੇਜ਼ ਕਰੀ ਜਾਂਦੇ ਹਾਂ!!

Desire is the root cause of all miseries.

ਇਥੇ ਹੀ ਬੱਸ ਨਹੀਂ—ਇਸੇ ਤ੍ਰਿਸ਼ਨਾਂ ਦੀ ਅੱਗ ਨਾਲ ਅਸੀਂ ਆਪਣੇ ਮਨ ਨੂੰ

ਹੋਰ —

ਸਾੜ

ਬਾਲ

ਭੁੰਨ ਕੇ —

ਮੈਲਾ

ਕਾਲਾ

ਮਟਰੋੜ

ਮਨੂਰ

ਕਰੀ ਜਾਂਦੇ ਹਾਂ।

ਇਸ ਤਰ੍ਹਾਂ, ਅਸੀਂ ਦਿਨ ਰਾਤ 'ਤ੍ਰਿਸ਼ਨਾ ਅਗਨ ਸਾਗਰ' ਵਿਚ ਸੜਦੇ, ਬਲਦੇ ਹੋਇ, ਗੁਰਬਾਣੀ ਦੇ ਇਲਾਹੀ ਉਪਦੇਸ਼ਾਂ ਅਤੇ ਆਤਮਿਕ ਭਾਵਨਾਵਾਂ ਤੋਂ —

ਦੁਰੇਡੇ

ਬੇ-ਪ੍ਰਵਾਹ

ਬੇ-ਸਿਦਕੇ

ਬੇ-ਮੁੱਖ

ਮਨ-ਮੁਖ

ਹੁੰਦੇ ਜਾਂਦੇ ਹਾਂ।

ਇਸ ਤ੍ਰਿਸ਼ਨਾਂ ਦੇ ਅਧੀਨ ਹੀ —

ਨੀਵੇਂ ਖ਼ਿਆਲ ਉਪਜਦੇ ਹਨ।

ਨੀਵੀਆਂ ਰੁਚੀਆਂ ਬਣਦੀਆਂ ਹਨ।

ਨੀਵੀਆਂ ਵਿਉਂਤਾਂ ਘੜਦੇ ਹਾਂ।

ਭੈੜੇ ਕਰਮ ਕਰਦੇ ਹਾਂ!

ਲੁੱਟ-ਖਸੁੱਟ ਕਰਦੇ ਹਾਂ!

ਚੋਰੀ-ਯਾਰੀ ਕਰਦੇ ਹਾਂ!

ਵੈਰ-ਵਿਰੋਧ ਮਚਾਉਂਦੇ ਹਾਂ।

ਲੜਾਈਆਂ-ਝਗੜੇ ਸਹੇੜਦੇ ਹਾਂ।

ਪਾਪ ਕਮਾਉਂਦੇ ਹਾਂ।

ਜ਼ੁਲਮ ਕਰਦੇ ਹਾਂ।

ਭੈੜੀਆਂ ਆਦਤਾਂ ਪਾਉਂਦੇ ਹਾਂ।

ਨੀਵੇਂ ਆਚਰਨ ਬਣਦੇ ਹਨ।

ਮੰਦੇ ਭਾਗ ਬਣਦੇ ਹਨ।

ਜਮਾ ਦੇ ਵੱਸ ਪੈਂਦੇ ਹਾਂ।

ਨਰਕ ਦੇ ਭਾਗੀ ਬਣਦੇ ਹਾਂ।

ਪਰ, ਫਿਰ ਵੀ ਸਾਨੂੰ 'ਤ੍ਰਿਸ਼ਨਾ ਦੀ ਅੱਗ' ਤੋਂ ਬਚਣ ਦਾ, ਯਾ ਇਸ ਨੂੰ ਘਟਾਉਣ ਦਾ ਕਦੇ ਖਿਆਲ ਹੀ ਨਹੀਂ ਆਉਂਦਾ ਉਦਮ ਤਾਂ ਕੀ ਕਰਨਾ ਸੀ!!!

ਗੁਰਬਾਣੀ ਸਾਨੂੰ ਇਸ ਭਿਆਨਕ ਤ੍ਰਿਸ਼ਨਾ ਦੀ ਅਗਨੀ ਦੀ ਬਾਬਤ ਇਉਂ ਤਾੜਨਾ ਕਰਦੀ ਹੈ—

ਤ੍ਰਿਸਨਾ ਅਗਨਿ ਜਲੈ ਸੰਸਾਰਾ ॥
ਜਲਿ ਜਲਿ ਖਪੈ ਬਹੁਤ ਵਿਕਾਰਾ ॥ (ਪੰਨਾ–1044)

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥ (ਪੰਨਾ–1067)

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥ (ਪੰਨਾ–1130)

ਚਾਰਿ ਨਦੀਆ ਅਗਨੀ ਤਨਿ ਚਾਰੇ ॥
ਤ੍ਰਿਸਨਾ ਜਲਤ ਜਲੇ ਅਹੰਕਾਰੇ ॥ (ਪੰਨਾ–1172)

ਬਿਨੁ ਨਾਵੈ ਸੁਕਾ ਸੰਸਾਰੁ ॥
ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥ (ਪੰਨਾ–1173)

ਮਹਾ ਅਭਾਗ ਅਵਾਗ ਹੈ ਜਿਨਕੇ ਤਿਨ ਸਾਧੂ ਧੂਰਿ ਨ ਪੀਜੈ ॥
ਤਿਨਾ ਤ੍ਰਿਸਨਾ ਜਲਤ ਜਲਤ ਨਹੀਂ ਬੂਝਹਿ
ਡੰਡੁ ਧਰਮ ਰਾਇ ਕਾ ਦੀਜੈ ॥ (ਪੰਨਾ–1325)

ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥
ਮੋਹੁ ਕੁਟੰਬੁ ਸਭੁ ਕੂੜੁ ਰਹਿਆ ਲਪਟਾਇ ॥ (ਪੰਨਾ–1424)

ਗੁਰਬਾਣੀ ਵਿਚ ਇਸ ਮਾਨਸਿਕ ਅੱਗ, ਤ੍ਰਿਸ਼ਨਾਂ ਦੀ ਅਗਨੀ ਨੂੰ ਬੁਝਾਉਣ ਦੇ ਸਾਧਨ ਇਉਂ ਦੱਸੇ ਹਨ —

ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ (ਪੰਨਾ-424)

ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥
ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥ (ਪੰਨਾ-588)

ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ ॥ (ਪੰਨਾ-588)

ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥
ਨਾਨਕ ਉਧਰੇ ਪ੍ਰਭ ਸਰਣਾਈ ॥ (ਪੰਨਾ-684)

'ਮਾਨਸਿਕ ਅਗਨੀ' ਦੀਆਂ ਕਈ ਕਿਸਮਾਂ ਦੀਆਂ ਚੰਗਿਆੜੀਆਂ-ਗੋਹੇ ਦੀ ਗੁੱਝੀ ਅੱਗ ਵਾਂਗ, ਕਈ ਜਨਮਾਂ ਤੋਂ ਜੀਵ ਦੇ ਅਤਿਸ਼ਕਰਨ ਅੰਦਰ ਗੁੱਝੀ ਸ਼ਕਲ ਵਿਚ ਦੱਬੀਆਂ ਹੋਈਆਂ ਹਨ। ਜਦ ਕਦੇ ਕਿਸੇ ਚੰਗਿਆੜੀ ਨੂੰ ਬਾਹਰਲੀ ਉਕਸਾਹਟ ਦੀ ਹਵਾ ਲਗਦੀ ਹੈ ਤਾਂ ਇਹ ਸੁਲਘਦੀ ਅੱਗ ਮੱਘ ਜਾਂਦੀ ਹੈ ਅਤੇ ਭਾਂਬੜ ਬਣ ਜਾਂਦੀ ਹੈ।

ਉਦਾਹਰਨ ਵਜੋਂ —

ਦੋ ਗੁਆਂਢਣਾ ਕਿਸੇ ਨਿੱਕੀ ਜੇਹੀ ਗੱਲ ਦੀ ਉਕਸਾਹਟ ਨਾਲ ਲੜ ਪਈਆਂ। ਇਕ ਦੂਜੇ ਨੂੰ ਤਾਨ੍ਹੇ ਮੇਹਣੇ ਦਿੰਦੀਆਂ, ਗਾਲ-ਗਲੋਟੀ ਹੁੰਦੀਆਂ, ਉਨ੍ਹਾਂ ਵਿਚ ਕ੍ਰੋਧ ਦੇ ਭਾਂਬੜ ਮੱਚ ਗਏ, ਅਤੇ ਉਨ੍ਹਾਂ ਨੂੰ 'ਸਣ ਕੱਪੜੀ ਅੱਗ ਲਗ ਗਈ।' ਉਨ੍ਹਾਂ ਦੋਨਾਂ ਦੇ ਸਰੀਰ ਕ੍ਰੋਧ ਦੀਆਂ ਭੱਠੀਆਂ ਬਣ ਗਈਆਂ ਅਤੇ ਉਹ ਖ਼ੁੱਦ ਕ੍ਰੋਧ ਦਾ ਹੀ 'ਰੂਪ' ਬਣ ਗਈਆਂ।

ਉਸ ਵੇਲੇ ਡਾਕੀਆ (Postman) ਇਕ ਜਨਾਨੀ ਲਈ ਚਿੱਠੀ ਲੈ ਕੇ ਆਇਆ । ਜਦ ਪਤਾ ਲੱਗਾ ਕਿ ਚਿੱਠੀ ਉਸ ਦੇ ਪ੍ਰਦੇਸੀ ਪੁੱਤਰ ਦੀ ਹੈ ਤਾਂ ਮਾਂ-ਮਮਤਾ ਨਾਲ ਉਸ ਦਾ ਅੰਦਰਲਾ ਕ੍ਰੋਧ ਦਾ ਭਾਂਬੜ ਫੌਰਨ ਬੁੱਝ ਗਿਆ, ਅਤੇ ਜਿਉਂ-ਜਿਉਂ ਚਿੱਠੀ ਸੁਣਦੀ ਗਈ—ਤਿਉਂ-ਤਿਉਂ ਉਸ ਦਾ ਤਨ-ਮਨ, ਮਾਂ-ਪਿਆਰ ਨਾਲ ਉਛਲ ਕੇ ਸੀਤਲ, ਕੋਮਲ, ਚਾਉ, ਖੇੜੇ ਵਿਚ ਆ ਗਿਆ। ਇਸ ਤਰ੍ਹਾਂ ਉਹ ਕ੍ਰੋਧ ਵਾਲੇ ਡਰਾਉਣੇ 'ਬਿਗੜ-ਰੂਪ' ਤੋਂ ਬਦਲ ਕੇ 'ਮਾਂ-ਪਿਆਰ' ਦੇ ਕੋਮਲ, ਸੋਹਣੇ ਸਵੈਪਨਾ ਦੀ ਮੂਰਤੀ ਬਣ ਗਈ।

ਇਨ੍ਹਾਂ ਦੋਹਾਂ ਹਾਲਤਾਂ —

'ਕ੍ਰੋਧ ਦੇ ਭਾਂਬੜ'

ਅਤੇ

'ਪਿਆਰ ਸਵੈਪਨਾ'

ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ ਅਤੇ ਇਹ ਦੋਨੋਂ ਹਾਲਤਾਂ-ਆਪਸ ਵਿੱਚ ਮੁਤਜ਼ਾਦ

ਅਤੇ ਉਲਟ ਹਨ।

ਇਨ੍ਹਾਂ ਦੋਹਾਂ ਮੁਤਜ਼ਾਦ ਹਾਲਤਾਂ ਦੇ ਪ੍ਰਗਟਾਵੇ ਦਾ ਖੇਤਰ, ਸਾਡਾ ਮੁਤਜ਼ਾਦ 'ਮਨ' ਹੀ ਹੈ।

ਇਸ ਉਦਾਹਰਨ ਤੋਂ ਸਪਸ਼ਟ ਹੈ ਕਿ ਸਾਡੇ ਅੰਦਰ ਹੀ ਇਕ ਪਾਸੇ 'ਆਤਿਸ਼ ਦੁਨੀਆਂ' 'ਅਗਨਿ ਸ਼ੋਕ ਸਾਗਰ' ਹੈ ਅਤੇ ਦੂਜੇ ਪਾਸੇ 'ਖੁਨਕ ਨਾਮੁ ਖੁਦਾਇਆ' ਹੈ, 'ਠਾਂਢਾ ਹਰਿ ਨਾਉ' ਹੈ।

ਇਨ੍ਹਾਂ ਦੋਹਾਂ ਹਾਲਤਾਂ ਦਾ ਨਿਰਨਾ ਅਤੇ ਚਣੌਤੀ ਅਸੀਂ ਆਪ ਹੀ ਕਰਨੀ ਹੈ ਅਤੇ ਉਸ ਦੀ ਪ੍ਰਾਪਤੀ ਲਈ—

ਸਮਝਣ

ਜਾਣਨ

ਬੁੱਝਣ

ਵਿਚਾਰਨ ਅਤੇ

ਉਦੱਮ

ਘਾਲਣਾ

ਕਰਨ ਦੀ ਅਤਿ ਲੋੜ ਹੈ।

ਇਸੇ 'ਮਾਨਸਿਕ ਅਗਨੀ' ਯਾ 'ਅਗਨ ਸ਼ੋਕ ਸਾਗਰ' ਦੀ ਜੜ ਸਾਡੀ ਹਉਮੈ ਦਾ 'ਭਰਮ-ਭੁਲਾਵਾ' ਹੈ।

ਇਹ ਹਉਮੈ ਦਾ 'ਭਰਮ'—ਇਲਾਹੀ ਪ੍ਰਕਾਸ਼ ਦੀ ਅਣਹੋਂਦ ਯਾ ਅਗਿਆਨਤਾ ਦੇ ਹਨੇਰ ਵਿਚੋਂ ਉਪਜਦਾ ਹੈ।

ਦੂਜੇ ਲਫ਼ਜ਼ਾਂ ਵਿਚ ਜਦ ਅਸੀਂ ਅਕਾਲ ਪੁਰਖ ਨੂੰ 'ਭੁਲ' ਜਾਂਦੇ ਹਾਂ ਅਤੇ ਉਸ ਦੇ ਪ੍ਰਕਾਸ਼ ਤੋਂ 'ਉਹਲੇ' ਹੋ ਜਾਂਦੇ ਹਾਂ — ਤਾਂ ਅਸੀਂ 'ਹਉਮੈ' ਦੇ 'ਭਰਮ-ਭੁਲੇਖਿਆ' ਵਿਚ ਵਸਦੇ ਤੇ ਵਿਚਰਦੇ ਹਾਂ।

ਜਿਸ ਤਰ੍ਹਾ ਹਨੇਰੇ ਵਿਚ ਹੀ, ਹਰ ਕਿਸਮ ਦੀਆਂ ਆਫਤਾਂ ਯਾ ਕੀੜੇ-ਮਕੌੜੇ, ਮੱਛਰ, ਠੂਹੇਂ, ਸੱਪ ਆਦਿ ਉਪਜਦੇ ਤੇ ਪਲਦੇ ਹਨ, ਇਸੇ ਤਰ੍ਹਾ ਸਾਡੇ ਮਨ ਦੇ 'ਭਰਮ ਭੁਲਾਵੇ' ਦੇ ਹਨੇਰ ਵਿਚ ਹੀ ਸਾਰੀਆਂ ਮਾਨਸਿਕ 'ਬਲਾਵਾਂ' ਅਥਵਾ 'ਵਾਸ਼ਨਾਵਾਂ' ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਇਹਨਾਂ ਦੀ 'ਹਠੀਲੀ ਫੌਜ' ਈਰਖਾ, ਦਵੈਤ, ਸਾੜਾ, ਨਫ਼ਰਤ, ਅਸ਼ਾਂਤੀ, ਖੁਦ-ਗਰਜ਼ੀ, ਕਲ-ਕਲੇਸ਼ ਆਦਿ ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ

ਹੁੰਦਾ ਹੈ, ਜਿੰਨਾ ਦੇ "ਸੇਕ" ਨਾਲ ਸਾਰੀ ਦੁਨੀਆਂ 'ਮਾਨਸਿਕ ਅਗਨੀ' ਵਿਚ ਸੜ-ਬੱਲ ਕੇ ਦੁਖੀ ਹੋ ਰਹੀ ਹੈ—

ਗੁਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ । (ਪੰਨਾ-673)
ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-651)

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।
(ਵਾ. ਭਾ. ਗੁ. 1/24)

ਗੁਰਬਾਣੀ ਵਿਚ ਰੱਬ ਨੂੰ ਵਿਸਰਨ ਯਾ 'ਭੁੱਲਨ' ਦੇ ਇਹ ਨਤੀਜੇ ਦੱਸੇ ਹਨ —

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ (ਪੰਨਾ-19)

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
ਤਿਸਨਾ ਭੁਖ ਨਾ ਉਤਰੈ ਅਨਦਿਨੁ ਜਲਤ ਫਿਰੰਨਿ ॥ (ਪੰਨਾ-755)

ਹਉਮੈ ਜਲਿਆ ਮਨਹੁ ਵਿਸਾਰੇ ॥
ਜਮਪੁਰ ਵਜਹਿ ਖੜਗ ਕਰਾਰੇ ॥ (ਪੰਨਾ-993)

ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥
ਜਲਤਾ ਫਿਰੈ ਰਹੈ ਨਿਤ ਤਾਤਾ ॥ (ਪੰਨਾ-1086)

ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥
ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥ (ਪੰਨਾ-1289)

(ਚਲਦਾ.........)

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ

ਵਾਹਿਗੁਰੂ